# PAPER-III
# PUNJABI

**Signature and Name of Invigilator**

1. (Signature) __________________________

   (Name) ____________________________

2. (Signature) __________________________

   (Name) ____________________________

OMR Sheet No. : ..............................................

(To be filled by the Candidate)

Roll No. | | | | | | | | |

(In figures as per admission card)

Roll No.________________________________

(In words)

| J | 2 | 4 | 1 | 6 |
|---|---|---|---|---|

Time : 2 $1/2$ hours] [Maximum Marks : **150**

Number of Pages in this Booklet : **16** Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④
   where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet and duplicate copy of OMR Sheet on conclusion of examination.
10. **Use only Black Ball point pen provided by C.B.S.E.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है :
   **उदाहरण** : ① ② ● ④
   जबकि (3) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं ।
10. **केवल C.B.S.E. द्वारा प्रदान किये गये काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

## PUNJABI
## ਪੰਜਾਬੀ
## Paper-III
## ਪ੍ਰਸ਼ਨ ਪੱਤਰ-III

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਝੱਤਰ (75)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।

**1.** ਵਾਕ ਦੀ ਬਣਤਰ ਵਿਚ 'ਜਿਵੇਂ' ਯੋਜਕ ਦੀ ਵਰਤੋਂ ਹੁੰਦੀ ਹੈ :

(1) ਸਵਾਧੀਨ ਉਪਵਾਕ ਦੀ ਬਣਤਰ ਵਿਚ
(2) ਪਰਾਧੀਨ ਤੇ ਸਵਾਧੀਨ ਉਪ-ਵਾਕਾਂ ਦੀ ਬਣਤਰ ਵਿਚ
(3) ਪਰਾਧੀਨ ਉਪ-ਵਾਕਾਂ ਦੀ ਬਣਤਰ ਵਿਚ
(4) ਸੰਯੁਕਤ ਵਾਕਾਂ ਦੀ ਬਣਤਰ ਵਿਚ

**2.** / ਧ ਤੇ ਝ / ਦਾ ਸੁਰਾਤਮਕ ਉਚਾਰਨ ਕਿਸ ਉਪ-ਭਾਸ਼ਾ ਵਿਚ ਸੰਭਵ ਨਹੀਂ :

(1) ਝਾਂਗੀ
(2) ਮਲਵਈ
(3) ਮਾਝੀ
(4) ਪੁਆਧੀ

**3.** ਕਿਹੜਾ ਕਥਨ ਸਹੀ ਨਹੀਂ ਹੈ :

(1) ਜਾਰਜ ਗ੍ਰੀਅਰਸਨ ਨੇ ਪੰਜਾਬੀ ਦੀ ਉਤਪੱਤੀ ਸ਼ੌਰਸੈਨੀ ਤੇ ਪੈਸ਼ਾਚੀ ਵਿਚੋਂ ਮੰਨੀ ਹੈ
(2) ਸੁਨੀਤੀ ਕੁਮਾਰ ਚੈਟਰਜੀ ਨੇ ਪੰਜਾਬੀ ਦੀ ਉਤਪੱਤੀ ਕੈਕਈ, ਮਦ੍ਰ, ਟੱਕੀ ਆਦਿ ਪ੍ਰਾਕਿਰਤਾਂ 'ਚੋਂ ਮੰਨੀ ਹੈ
(3) ਜਾਰਜ ਗ੍ਰੀਅਰਸਨ ਨੇ ਆਰੀਆ ਭਾਸ਼ਾ ਨੂੰ ਅੰਦਰਵਰਤੀ ਤੇ ਬਾਹਰਵਰਤੀ ਵਰਗਾਂ ਵਿਚ ਵੰਡਿਆ ਹੈ
(4) ਸੁਨੀਤੀ ਕੁਮਾਰ ਚੈਟਰਜੀ ਨੇ ਪੰਜਾਬੀ ਦੀ ਉਤਪੱਤੀ ਸ਼ੌਰਸੈਨੀ ਤੋਂ ਮੰਨੀ ਹੈ

**4.** 'ਉਹ ਪੜ੍ਹ ਪੜ੍ਹ ਕੇ ਥੱਕ ਜਾਂਦਾ ਸੀ' ਵਿਚ 'ਪੜ੍ਹ ਪੜ੍ਹ' ਸ਼ਬਦ ਹੈ :

(1) ਸਕਰਮਕ ਕਿਰਿਆ
(2) ਕਾਲਕੀ ਕਿਰਿਆ
(3) ਕਿਰਦੰਤ ਰੂਪ
(4) ਸੰਚਾਲਕ ਕਿਰਿਆ

**5.** **(A) ਕਥਨ :** ਕਿਰਿਆਗਤ ਕਰਮਣੀ ਵਾਕ ਤੋਂ ਭਾਵ ਅਜਿਹੀ ਬਣਤਰ ਤੋਂ ਹੈ ਜਿਸ ਵਿਚ ਕਿਰਿਆ ਤੋਂ ਹੀ ਕਰਮਣੀ ਭਾਵ ਪ੍ਰਗਟ ਹੁੰਦਾ ਹੋਵੇ ਕਿਉਂਕਿ ਕੁਝ ਕਿਰਿਆਵਾਂ ਨੂੰ ਕਰਤਰੀ ਭਾਵ ਤੇ ਕੁਝ ਨੂੰ ਕਰਮਣੀਭਾਵ ਕਿਹਾ ਜਾਂਦਾ ਹੈ ।

**(R) ਕਾਰਨ :** ਕਿਉਂਕਿ ਕਰਤਰੀਵਾਚ ਦਾ ਪਤਾ ਕੇਵਲ ਕਿਰਿਆਵਾਂ ਤੋਂ ਹੀ ਲਗਦਾ ਹੈ ਇਸ ਲਈ ਪੰਜਾਬੀ ਭਾਸ਼ਾ ਦੇ ਵਾਚ ਪ੍ਰਬੰਧ ਦਾ ਨਾਂਵ ਨਾਲ ਕੋਈ ਸੰਬੰਧ ਨਹੀਂ ਹੁੰਦਾ ।

ਉਪਰੋਕਤ ਦੇ ਆਧਾਰ ਤੇ ਸਹੀ ਹੈ :

(1) (A) ਸਹੀ (R) ਗ਼ਲਤ ਹੈ ।
(2) (A) ਗ਼ਲਤ (R) ਸਹੀ ਹੈ ।
(3) (A) ਅਤੇ (R) ਦੋਵੇਂ ਆਂਸ਼ਿਕ ਸਹੀ ਹਨ ।
(4) (A) ਅਤੇ (R) ਦੋਵੇਂ ਗ਼ਲਤ ਹਨ ।

6. ਪੰਜਾਬੀ ਸ਼ਬਦਜੋੜਾਂ ਦਾ ਕਿਹੜਾ ਵਰਤਾਰਾ ਹੈ :

(1) / ਐ, ਆ ਤੇ ਏ / ਨਾਲ ਬਿੰਦੀ ਲਗਦੀ ਹੈ ।
(2) / ਉ, ਅ ਤੇ ਈ / ਨਾਲ ਟਿੱਪੀ ਦੀ ਵਰਤੋਂ ਹੁੰਦੀ ਹੈ ।
(3) ਸ਼ਬਦ ਦੇ ਅੰਤਲੇ / ੂ / ਨਾਲ ਬਿੰਦੀ ਲਗਦੀ ਹੈ ।
(4) ਸ਼ਬਦ ਦੇ ਮੁੱਢਲੇ / ੂ / ਨਾਲ ਟਿੱਪੀ ਲਗਦੀ ਹੈ ।

7. ਪੰਜਾਬੀ ਦੀ ਸਹਾਇਕ ਕਿਰਿਆ ਦੇ ਸ਼ਬਦ ਸੂਚਕ ਹੁੰਦੇ ਹਨ :

(1) ਕਾਲ, ਲਿੰਗ ਤੇ ਪੁਰਖ ਦੇ
(2) ਵਚਨ, ਪੁਰਖ ਤੇ ਕਾਲ ਦੇ
(3) ਲਿੰਗ, ਵਚਨ ਤੇ ਆਸਪੈਕਟ ਦੇ
(4) ਕਾਲ ਵਚਨ ਤੇ ਲਿੰਗ ਦੇ

8. ਕਿਹੜਾ ਕਥਨ ਸਹੀ ਨਹੀਂ ਹੈ :

(1) ਕੋਸ਼ਕ ਸ਼ਬਦ ਦੇ ਕੋਸ਼ ਬਾਰੇ ਅਰਥ ਵੀ ਹੁੰਦੇ ਹਨ ।
(2) ਕੋਸ਼ਕ ਸ਼ਬਦ ਦੀਆਂ ਰੂਪਾਵਲੀਆਂ ਨਹੀਂ ਬਣਦੀਆਂ ।
(3) ਕੋਸ਼ਕ ਸ਼ਬਦ ਦੇ ਅਰਥ ਇਕ ਤੋਂ ਵਧੇਰੇ ਹੋ ਸਕਦੇ ਹਨ ।
(4) ਕੋਸ਼ਕ ਅਰਥ ਵਿਆਕਰਨ ਅਰਥਾਂ ਦੇ ਅਨੁਸਾਰ ਹੁੰਦੇ ਹਨ ।

9. 'Folk-music and Musical Instruments of Punjab' ਪੁਸਤਕ ਦਾ ਲੇਖਕ ਹੈ :

(1) ਅਜੀਤ ਸਿੰਘ ਪੈਂਟਲ
(2) ਜ਼ਿਆ-ਉਦ-ਦੀਨ ਡਾਗਰ
(3) ਅਲਕਾ ਪਾਂਡੇ
(4) ਸ਼ਨੋ ਖੁਰਾਣਾ

10. ਪੂਜਾ ਨਾਲ ਸੰਬੰਧਿਤ ਲੋਕ ਗੀਤਾਂ ਦਾ ਸਹੀ ਵਰਗ ਹੈ :

(1) ਅਠਵਾਰੇ, ਕਾਫ਼ੀ, ਵਣਜਾਰੇ
(2) ਭੇਟਾਂ, ਜਾਗੋ, ਭਜਨ
(3) ਸਤਵਾਰਾ, ਥਿਤੀ, ਰੁੱਤੀ
(4) ਲੋਰੀ, ਕਿਕਲੀ, ਥਾਲ

11. **(A) ਕਥਨ :** ਪੰਜਾਬੀਆਂ ਨੇ ਵਿਦੇਸ਼ਾਂ ਵਿਚ ਆਪਣੀ ਵੱਖਰੀ ਸਪੇਸ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ ਹੈ ਜਿਸ ਕਰਕੇ ਸਥਾਨਕ ਸਮਾਜ ਵਿਚ ਉਨ੍ਹਾਂ ਨੂੰ ਵਿਲੱਖਣ ਸਭਿਆਚਾਰਕ ਇਕਾਈ ਵਜੋਂ ਮਾਨਤਾ ਵੀ ਮਿਲ ਗਈ ਹੈ ।

**(R) ਕਾਰਨ :** ਨਸਲਵਾਦ ਦਾ ਸ਼ਿਕਾਰ ਹੋਏ ਪੰਜਾਬੀਆਂ ਨੂੰ ਆਪਣੇ ਸਭਿਆਚਾਰ ਪ੍ਰਤਿ ਮੋਹ ਜਾਗਿਆ ਹੈ ਅਤੇ ਨਾਲ ਹੀ ਮਸ਼ੀਨੀ ਜ਼ਿੰਦਗੀ ਦੀ ਤੀਬਰਤਾ ਦੇ ਵੇਗ ਵਿਚ ਯਥਾਰਥ ਤੇ ਭਰਮ ਵਿਚਲੇ ਤਣਾਅ ਨੂੰ ਦੂਰ ਕਰਨ ਲਈ ਉਹ ਆਪਣੇ ਸਭਿਆਚਾਰ ਦਾ ਆਸਰਾ ਲੈਂਦੇ ਹਨ ।

(1) (A) ਸਹੀ (R) ਗ਼ਲਤ ਹੈ ।
(2) (A) ਅਤੇ (R) ਦੋਵੇਂ ਸਹੀ ਹਨ ।
(3) (A) ਅਤੇ (R) ਦੋਵੇਂ ਗ਼ਲਤ ਹਨ ।
(4) (A) ਸਹੀ ਅਤੇ (R) ਆਂਸ਼ਿਕ ਸਹੀ ਹੈ ।

12.

| **ਸੂਚੀ-I** | **ਸੂਚੀ-II** |
|---|---|
| I. ਥਾਲ | A. ਨ੍ਰਿਤ ਗੀਤ |
| II. ਸਿੱਠਣੀ | B. ਬਾਲਗੀਤ |
| III. ਲੁੱਡੀ | C. ਸ਼ੋਕ ਗੀਤ |
| IV. ਅਲਾਹੁਣੀ | D. ਵਿਅੰਗ ਗੀਤ |

ਉਪਰੋਕਤ ਦਾ ਸਹੀ ਮੇਲਾਨ ਹੈ :

| | I | II | III | IV |
|---|---|---|---|---|
| (1) | A | C | B | D |
| (2) | B | D | A | C |
| (3) | D | B | C | A |
| (4) | C | A | D | B |

13. ਲੋਕ ਖੇਡਾਂ ਦਾ ਸਹੀ ਜੁੱਟ ਹੈ

(1) ਲੁਕਣਮੀਚੀ ਅਤੇ ਰੱਸਾਕਸ਼ੀ (2) ਪਿੱਠੂ ਗਰਮ ਅਤੇ ਹਾਕੀ

(3) ਕਾਵਾਂ ਘੋੜੀ ਅਤੇ ਘੋੜ ਸਵਾਰੀ (4) ਦੰਗਲ ਅਤੇ ਕਬੱਡੀ

14. 'ਮੁੱਢਲੀ ਆਦਿਮ ਅਵਸਥਾ ਵਿਚ ਕਿਸੇ ਜਾਤੀ ਦਾ ਸਾਰਾ ਸਾਹਿਤ ਮੌਖਿਕ ਤੇ ਸਮੂਹਿਕ ਹੋਣ ਕਰਕੇ ਲੋਕ ਸਾਹਿਤ ਹੁੰਦਾ ਹੈ,' ਕਿਸਦਾ ਕਥਨ ਹੈ ?

(1) ਦੇਵਿੰਦਰ ਸਤਿਆਰਥੀ (2) ਕਰਨੈਲ ਸਿੰਘ ਥਿੰਦ

(3) ਸੁਹਿੰਦਰ ਸਿੰਘ ਵਣਜਾਰਾ ਬੇਦੀ (4) ਹਰਿਭਜਨ ਸਿੰਘ

15. ਸਮਕਾਲੀ ਪੰਜਾਬੀ ਸਭਿਆਚਾਰ ਵਿਚ ਕੀ ਗੁਣਾਤਮਕ ਵਾਧਾ ਹੋਇਆ ਹੈ ?

(1) ਪਦਾਰਥਕ ਅਤੇ ਬੌਧਿਕ ਖ਼ੁਸ਼ਹਾਲੀ (2) ਸਬਾਲਟਰਨ ਸਮੂਹਾਂ ਦੀ ਤਰਜਮਾਨੀ

(3) ਜਾਤੀ ਪ੍ਰਥਾ ਦਾ ਖਾਤਮਾ (4) ਸਮੂਹਵਾਦੀ ਪਛਾਣ ਦੀ ਸਿਰਜਣਕਾਰੀ

16. ਸ਼ਾਹ ਹੁਸੈਨ ਦੇ ਕਲਾਮ ਦੇ ਮੁੱਖ ਲੱਛਣ ਹਨ :

I. ਰਹੱਸ ਅਨੁਭਵ

II. ਸ਼ਰੀਅਤ-ਵਿਰੋਧਮੁੱਖਤਾ

III. ਤੀਬਰ ਵਿਯੋਗ ਭਾਵਨਾ

IV. ਪ੍ਰਗੀਤਕਤਾ

ਉਪਰੋਕਤ ਵਿਚੋਂ ਸਹੀ ਹਨ :

(1) I, II ਅਤੇ III (2) I, III ਅਤੇ IV

(3) I, II ਅਤੇ IV (4) I ਅਤੇ II

17. ਪੰਜਾਬੀ ਵਿਚ ਕ੍ਰਮਵਾਰ ਦੋਹੜਾ ਅਤੇ ਬਾਰਹ ਮਾਹ ਲਿਖਣ ਵਾਲੇ ਸੂਫ਼ੀ ਕਵੀਆਂ ਦਾ ਵਰਗ ਹੈ :

(1) ਬੁਲ੍ਹੇ ਸ਼ਾਹ ਅਤੇ ਸ਼ਾਹ ਹਸੈਨ (2) ਸੁਲਤਾਨ ਬਾਹੂ ਅਤੇ ਬੁਲ੍ਹੇ ਸ਼ਾਹ

(3) ਸ਼ਾਹ ਹੁਸੈਨ ਅਤੇ ਗ਼ੁਲਾਮ ਫ਼ਰੀਦ (4) ਬਾਬਾ ਫ਼ਰੀਦ ਅਤੇ ਸੁਲਤਾਨ ਬਾਹੂ

18. ਸੂਫ਼ੀ ਕਾਵਿ ਧਾਰਾ ਦੇ ਮੁੱਖ ਥੀਮਿਕ ਪਾਸਾਰ ਹਨ :

(1) ਸ਼ਰੀਅਤ, ਨਾਸ਼ਮਾਨਤਾ, ਸੰਸਾਰਕਤਾ (2) ਨਾਸ਼ਮਾਨਤਾ, ਅਵਤਾਰਵਾਦ, ਉਪਦੇਸ਼

(3) ਇਸ਼ਕ, ਮੌਤ, ਨੈਤਿਕਤਾ (4) ਇਹਲੌਕਿਕਤਾ, ਸਦਾਚਾਰ, ਨਿਰਾਸ਼ਾਵਾਦ

19. ਸੂਫ਼ੀਮਤ ਵਿਚ 'ਬਕਾ' ਦੇ ਸੰਕਲਪ ਤੋਂ ਭਾਵ ਹੈ :

(1) ਥੋੜ੍ਹ-ਚਿਰਾ (2) ਸਦੀਵਤਾ

(3) ਅਸਥਿਰਤਾ (4) ਫ਼ਨਾ

**20.** **ਸੂਚੀ-I** **ਸੂਚੀ-II**

| | |
|---|---|
| I. ਸ਼ਬਦ | A. ਸ਼ਾਹ ਹੁਸੈਨ |
| II. ਕਾਫ਼ੀ | B. ਬਾਬਾ ਫ਼ਰੀਦ |
| III. ਦੋਹੜਾ | C. ਬੁਲ੍ਹੇ ਸ਼ਾਹ |
| IV. ਅਠਵਾਰਾ | D. ਸੁਲਤਾਨ ਬਾਹੂ |

ਉਪਰੋਕਤ ਦਾ ਸਹੀ ਮੇਲਾਨ ਹੈ :

| | I | II | III | IV |
|---|---|---|---|---|
| (1) | A | C | B | D |
| (2) | B | A | D | C |
| (3) | C | D | B | A |
| (4) | D | B | C | A |

**21.** **(A) ਕਥਨ :** ਇਸਲਾਮ ਨੂੰ ਪੰਜਾਬ ਦਾ ਸਹਿਜ ਧਰਮ ਬਣਾਉਣ ਵਿਚ ਸੱਭ ਤੋਂ ਵੱਧ ਯੋਗਦਾਨ ਪੰਜਾਬੀ ਸੂਫ਼ੀਆਂ ਦਾ ਹੈ । ਉਹਨਾਂ ਨੇ ਇਸਲਾਮ ਨੂੰ ਪੰਜਾਬੀ ਜ਼ੁਬਾਨ ਅਤੇ ਮੁਹਾਵਰੇ ਵਿਚ ਢਾਲਿਆ ।

**(R) ਕਾਰਨ :** ਪੰਜਾਬੀ ਸੂਫ਼ੀ ਏਥੋਂ ਦੇ ਜਨਸਾਧਾਰਣ ਤੋਂ ਚੋਖੀ ਵਿਥ ਉਪਰ ਵਿਚਰਨ ਵਾਲੇ ਹਾਕਮ ਨਹੀਂ ਸਨ, ਸਗੋਂ ਲੋਕਾਂ ਦੇ ਨੇੜੇ ਵਿਚਰਨ ਵਾਲੇ ਫ਼ਕੀਰ ਸਨ ।

ਉਪਰੋਕ ਦੇ ਆਧਾਰ ਤੇ ਕਿਹੜਾ ਸਹੀ ਹੈ :

(1) (A) ਗ਼ਲਤ ਅਤੇ (R) ਸਹੀ ਹੈ ।
(2) (A) ਸਹੀ (R) ਆਂਸ਼ਿਕ ਸਹੀ ਹੈ ।
(3) (A) ਅਤੇ (R) ਦੋਵੇਂ ਗ਼ਲਤ ਹਨ ।
(4) (A) ਅਤੇ (R) ਦੋਵੇਂ ਸਹੀ ਹਨ ।

**22.** 'ਜਪੁ ਜੀ ਸਾਹਿਬ' ਦੇ ਪ੍ਰਸੰਗ ਵਿਚ ਕਿਹੜਾ ਵਰਗ ਵਧੇਰੇ ਸਹੀ ਹੈ :

I. ਪ੍ਰਬੰਧ ਕਾਵਿ
II. ਪ੍ਰਗੀਤਕ ਕਾਵਿ
III. ਦਾਰਸ਼ਨਿਕ ਕਾਵਿ
IV. ਉਪਦੇਸ਼ਾਤਮਕ ਕਾਵਿ

ਉਪਰੋਕਤ ਵਿਚੋਂ ਸਹੀ ਹਨ :

(1) I, III
(2) II, III
(3) II, IV
(4) I, IV

**23.** ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ।
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰ ।
ਗੁਰਬਾਣੀ ਦੀਆਂ ਉਪਰੋਕਤ ਪੰਗਤੀਆਂ ਵਿਚ ਕਿਸਦਾ ਪ੍ਰਗਟਾਵਾ ਹੁੰਦਾ ਹੈ :

(1) ਰਹੱਸ-ਅਨੁਭਵ
(2) ਭਗਤੀ ਭਾਵਨਾ
(3) ਵੈਰਾਗ
(4) ਰੱਬੀ ਹੋਂਦ ਦਾ ਸਰੂਪ

**24.** ਗੁਰਬਾਣੀ ਦੀ ਵਿਆਖਿਆਕਾਰੀ ਨਾਲ ਸੰਬੰਧਿਤ ਵਿਦਵਾਨਾਂ ਦਾ ਸਹੀ ਵਰਗ ਨਹੀਂ ਹੈ :

(1) ਭਾਈ ਮਨੀ ਸਿੰਘ, ਸੋਢੀ ਮਿਹਰਬਾਨ, ਭਾਈ ਵੀਰ ਸਿੰਘ
(2) ਭਾਈ ਗੁਰਦਾਸ, ਗਿਆਨੀ ਬਦਨ ਸਿੰਘ, ਡਾ. ਗੰਡਾ ਸਿੰਘ
(3) ਭਾਈ ਵੀਰ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਮਨੀ ਸਿੰਘ
(4) ਭਾਈ ਗੁਰਦਾਸ, ਭਾਈ ਵੀਰ ਸਿੰਘ, ਡਾ. ਸਾਹਿਬ ਸਿੰਘ

**25.** 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ
ਧੂਪ ਮਲਆਨਲੋ ਪਵਣ ਚਵਰੋ ਕਰੇ
ਸਗਲ ਬਨ ਗਇ ਫੂਲੰਤ ਜੋਤੀ'
ਗੁਰਬਾਣੀ ਦੀਆਂ ਉਪਰੋਕਤ ਪੰਗਤੀਆਂ ਕਿਸ ਭਾਵ ਨੂੰ ਵਿਅਕਤ ਕਰਦੀਆਂ ਹਨ :

(1) ਬ੍ਰਹਿਮੰਡ ਦੀ ਵਿਰਾਟਤਾ
(2) ਪ੍ਰਕਿਰਤੀ ਦਾ ਸੁਹਜ
(3) ਉਪਾਸਨਾ ਦਾ ਵਿਰਾਟ ਰੂਪ
(4) ਜੀਵਨ ਦੀ ਤੁੱਛਤਾ

**26.** ਗੁਰਬਾਣੀ ਵਿਆਕਰਨ ਦੇ ਲੇਖਕਾਂ ਦਾ ਸਹੀ ਜੁੱਟ ਹੈ :

(1) ਹਰਬੰਸ ਸਿੰਘ ਤੇ ਜੁਗਿੰਦਰ ਸਿੰਘ ਪੁਆਰ
(2) ਹਰਕੀਰਤ ਸਿੰਘ ਤੇ ਹਰਬੰਸ ਸਿੰਘ
(3) ਹਰਦੇਵ ਬਾਹਰੀ ਤੇ ਸਾਹਿਬ ਸਿੰਘ
(4) ਜੋਗਿੰਦਰ ਸਿੰਘ ਤਲਵਾੜਾ ਤੇ ਮੋਹਨ ਸਿੰਘ ਦੀਵਾਨਾ

**27.** ਕਿਸ ਗੁਰੂ ਸਾਹਿਬ ਨੇ ਵਾਰ ਬਾਣੀ ਰੂਪ ਨਹੀਂ ਰਚਿਆ :

(1) ਗੁਰੂ ਰਾਮਦਾਸ ਜੀ
(2) ਗੁਰੂ ਅਮਰਦਾਸ ਜੀ
(3) ਗੁਰੂ ਤੇਗ ਬਹਾਦਰ ਜੀ
(4) ਗੁਰੂ ਅਰਜਨ ਦੇਵ ਜੀ

**28.** ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਤੇ ਬਾਣੀ ਕਾਰਾਂ ਦੇ ਵੇਰਵੇ ਦਾ ਸਹੀ ਕ੍ਰਮ ਹੈ :

| **ਸੂਚੀ-I** | **ਸੂਚੀ-II** |
|---|---|
| I. ਘੋੜੀਆਂ | A. ਗੁਰੂ ਅਮਰਦਾਸ ਜੀ |
| II. ਪਟੀ | B. ਗੁਰੂ ਨਾਨਕ ਦੇਵ ਜੀ |
| III. ਬਾਵਨ ਅਖਰੀ | C. ਗੁਰੂ ਰਾਮਦਾਸ ਜੀ |
| IV. ਅਲਾਹੁਣੀਆਂ | D. ਗੁਰੂ ਅਰਜਨ ਦੇਵ ਜੀ |

| | I | II | III | IV |
|---|---|---|---|---|
| (1) | B | D | C | A |
| (2) | A | C | B | D |
| (3) | C | A | D | B |
| (4) | B | A | D | C |

**29.** 'ਸੁਖਮਨੀ' ਅਨੁਸਾਰ ਬ੍ਰਹਮ ਗਿਆਨੀ ਦੇ ਲੱਛਣਾਂ ਦਾ ਸਹੀ ਜੁੱਟ ਹੈ :

I. ਸਿਮਰਨ – ਸੇਵਾ
II. ਪਰਉਪਕਾਰ – ਨਿਰਦੋਖਤਾ
III. ਸਮਦ੍ਰਿਸ਼ਟੀ – ਧੀਰਜ
IV. ਕਿਰਤਕਮਾਈ – ਵੰਡ ਛਕਣਾ

ਉਪਰੋਕਤ ਦਾ ਸਹੀ ਜੁੱਟ ਹੈ :

(1) I, II (2) II, III (3) III, IV (4) II, IV

**30.** ਗੁਰਬਾਣੀ ਅਨੁਸਾਰ ਸ੍ਰੇਸ਼ਟ ਧਰਮ ਦੇ ਪ੍ਰਮੁੱਖ ਲੱਛਣ ਹਨ :

(1) ਸੇਵਾ ਤੇ ਪਰਉਪਕਾਰ
(2) ਸਚਿਆਰ ਹੋਣਾ ਤੇ ਨਾਮ ਸਿਮਰਨ
(3) ਨਾਮ ਦਾ ਜਾਪ ਤੇ ਨਿਰਮਲ ਕਰਮ
(4) ਪਰਉਪਕਾਰ ਤੇ ਬੁਧ-ਵਿਵੇਕ

31. ਯੂਸਫ-ਜ਼ੁਲੈਖਾ ਦੇ ਇਸ਼ਕ ਦਾ ਸਭ ਤੋਂ ਪਹਿਲਾ ਵਰਣਨ ਕਿਸ ਵਿਚ ਆਇਆ ਹੈ :

(1) ਜ਼ਬੂਰ (2) ਤੌਰੇਤ

(3) ਅੰਜੀਲ (4) ਕੁਰਾਨ

32. ਸ਼ੀਰੀ ਫਰਹਾਦ ਦਾ ਕਿੱਸਾ ਲਿਖਣ ਵਾਲੇ ਕਿੱਸਾਕਾਰ ਹਨ :

(1) ਫ਼ਜ਼ਲ ਸ਼ਾਹ – ਹਾਸ਼ਮ ਸ਼ਾਹ – ਮੁਕਬਲ

(2) ਅਹਿਮਦ ਗੁਜਰ – ਆਡਤ – ਸਦੀਕ ਲਾਲੀ

(3) ਫ਼ਜ਼ਲ ਦੀਨ – ਕਾਦਰ ਯਾਰ – ਕਰੀਮ ਬਖ਼ਸ਼

(4) ਅਹਿਮਦ ਯਾਰ – ਮੀਆਂ ਮੁਹੰਮਦ ਬਖ਼ਸ਼ – ਕਾਹਨ ਸਿੰਘ

33. ਮਟਕ ਨੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚ ਕਿਹੜੇ ਛੰਦਾਂ ਦੀ ਵਰਤੋਂ ਕੀਤੀ ਹੈ ?

I. ਡਿਓਢ, ਕੁੰਡਲੀਏ

II. ਬੈਂਤ, ਕਬਿੱਤ

III. ਸਵੱਈਆ, ਦਵੱਈਆ

IV. ਕੋਰੜਾ, ਸੋਰਠਾ

ਉਪਰੋਕਤ ਅਨੁਸਾਰ ਕਿਹੜਾ ਸਹੀ ਹੈ :

(1) II ਅਤੇ IV (2) I ਅਤੇ III

(3) III ਅਤੇ IV (4) I ਅਤੇ II

34. ਮਿਰਜ਼ਾ-ਸਾਹਿਬਾਂ ਦਾ ਕਿੱਸਾ ਲਿਖਣ ਵਾਲੇ ਕਿੱਸਾਕਾਰ ਹਨ :

(1) ਅਹਿਮਦ ਗੁੱਜਰ – ਪੀਲੂ – ਬਿਹਬਲ

(2) ਹਾਫਿਜ਼ ਬਰਖ਼ੁਰਦਾਰ – ਅਹਿਮਦਸ਼ਾਹ – ਫਜ਼ਲਸ਼ਾਹ

(3) ਮੀਆਂ ਚਿਰਾਗਐਵਾਨ – ਰੁਕਨਉਦੀਨ – ਮਿਹਰ ਸਿੰਘ

(4) ਸੁੰਦਰ ਦਾਸ ਅਰਾਮ – ਸੁਲਤਾਨ ਮੁਹੰਮਦ – ਮੁਕਬਲ

35. **(A) ਕਥਨ :** ਵਾਰਸ ਸ਼ਾਹ ਦੀ ਹੀਰ ਪੰਜਾਬੀ ਦੀ ਕਲਾਸਿਕ ਟੈਕਸਟ ਹੈ । ਇਸ ਵਿਚ ਇਸ਼ਕ ਦੀ ਗਾਥਾ ਦੇ ਨਾਲ ਨਾਲ ਮੱਧਕਾਲ ਦੇ ਪੰਜਾਬ ਦੀ ਸੰਪੂਰਨ ਤਸਵੀਰ ਪੇਸ਼ ਹੋਈ ਹੈ ।

**(R) ਕਾਰਨ :** ਕਿਉਂਕਿ ਉਸ ਉਪਰੰਤ ਕਿਸੇ ਹੋਰ ਨੇ ਪੰਜਾਬ ਨੂੰ ਇਨੇ ਵੱਡੇ ਪੈਮਾਨੇ ਉਪਰ ਆਪਣੀਆਂ ਰਚਨਾਵਾਂ ਵਿਚ ਨਹੀਂ ਚਿਤਰਿਆ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਗ਼ਲਤ ਹੈ (R) ਸਹੀ ਹੈ । (2) (A) ਸਹੀ ਹੈ (R) ਗ਼ਲਤ ਹੈ ।

(3) (A) ਸਹੀ ਹੈ (R) ਆਂਸ਼ਿਕ ਸਹੀ ਹੈ । (4) (A) ਅਤੇ (R) ਦੋਵੇਂ ਗ਼ਲਤ ਹਨ ।

36. ਸੂਚੀ-I ਸੂਚੀ-II

| ਸੂਚੀ-I | ਸੂਚੀ-II |
|---|---|
| I. ਪੰਜਾਬੀ ਜੰਗਨਾਮੇ | A. ਪ੍ਰੋ. ਸੀਤਾ ਰਾਮ ਕੋਹਲੀ |
| II. ਜੰਗਨਾਮਾ ਹਿੰਦ. ਪੰਜਾਬ | B. ਸ਼ਮਸ਼ੇਰ ਸਿੰਘ ਅਸ਼ੋਕ |
| III. ਪ੍ਰਾਚੀਨ ਵਾਰਾਂ ਤੇ ਜੰਗਨਾਮੇ | C. ਡਾ. ਗੁਰਦੇਵ ਸਿੰਘ |
| IV. ਚੱਠਿਆਂ ਦੀ ਵਾਰ | D. ਸ਼ਾਹ ਚਮਨ |

ਕੋਡ :

| | I | II | III | IV |
|---|---|---|---|---|
| (1) | B | A | C | D |
| (2) | D | A | B | C |
| (3) | C | D | B | A |
| (4) | B | A | D | C |

37. ਹੇਠ ਲਿਖੇ ਵਾਰਕਾਰਾਂ ਦੀਆਂ ਵਾਰਾਂ ਦਾ ਸਹੀ ਜੁੱਟ ਹੈ :

I. ਭਾਈ ਦਿਆਲ ਸਿੰਘ – ਪ੍ਰੇਮ ਦੀ ਵਾਰ

II. ਚੂੜ੍ਹ ਸਿੰਘ – ਭਦੌੜੀਐ ਦੀ ਵਾਰ

III. ਕੇਸ਼ਵ ਦਾਸ – ਪੀਰਾਂ ਦੀ ਵਾਰ

IV. ਰਾਮ ਸਿੰਘ – ਸੋਢੀਆਂ ਦੀ ਵਾਰ

ਉਪਰੋਕਤ ਵਿਚੋਂ ਸਹੀ ਹਨ :

(1) I ਅਤੇ III (2) II ਅਤੇ IV

(3) II ਅਤੇ III (4) I ਅਤੇ IV

38. ਪੁਰਾਤਨ ਜਨਮਸਾਖੀ ਦੀ ਭਾਸ਼ਾ ਦਾ ਰੂਪ ਹੈ :

(1) ਅਲੰਕਾਰਿਕ (2) ਸੰਯੋਗਾਤਮਕ

(3) ਸੂਤ੍ਰਿਕ (4) ਸਮਾਸ-ਪ੍ਰਧਾਨ

39. ਵਾਰਤਕ ਰਚਨਾ 'ਵਿਵੇਕਸਾਰ' ਦਾ ਰੂਪਾਕਾਰ ਹੈ :

(1) ਪਰਮਾਰਥ (2) ਪ੍ਰਸ਼ਨੋਤਰੀ

(3) ਟੀਕਾ (4) ਸਾਖੀ

40. ਰਹਿਤਨਾਮਾ-ਲੇਖਕਾਂ ਦਾ ਸਹੀ ਜੁੱਟ ਹੈ :

I. ਭਾਈ ਚਉਪਾ ਸਿੰਘ

II. ਸੋਢੀ ਮਿਹਰਬਾਨ

III. ਕੋਇਰ ਸਿੰਘ

IV. ਭਾਈ ਮਨੀ ਸਿੰਘ

ਉਪਰੋਕਤ ਵਿਚੋਂ ਸਹੀ ਹੈ :

(1) I, III (2) II, III

(3) III, IV (4) I, IV

**41.** ਪੰਜਾਬੀ ਵਾਰਤਕ-ਵੰਨਗੀਆਂ ਦੇ ਲੇਖਕਾਂ ਦਾ ਸਹੀ ਮੇਲਾਨ ਕਰੋ :

| **ਸੂਚੀ-I** | **ਸੂਚੀ-II** |
|---|---|
| I. ਬਿਰਤਾਂਤਕ ਨਿਬੰਧ | A. ਕੁਲਬੀਰ ਸਿੰਘ ਕਾਂਗ |
| II. ਲਲਿਤ ਨਿਬੰਧ | B. ਸੁਰਜੀਤ ਸਿੰਘ ਭਾਟੀਆ |
| III. ਹਾਸ ਵਿਅੰਗ | C. ਬਲਵੰਤ ਗਾਰਗੀ |
| IV. ਵਿਗਿਆਨਕ ਨਿਬੰਧ | D. ਸੂਬਾ ਸਿੰਘ |

| | I | II | III | IV |
|---|---|---|---|---|
| (1) | B | C | A | D |
| (2) | C | A | D | B |
| (3) | A | B | D | C |
| (4) | D | C | B | A |

**42.** ਗਿਆਨੀ ਗੁਰਦਿਤ ਸਿੰਘ ਅਨੁਸਾਰ ਬਦਲਦੇ ਪੰਜਾਬ ਵਿਚ :

I. ਪਿੰਡਾਂ ਵਿਚ ਖਾਣ-ਪੀਣ-ਪਹਿਰਣ ਬਾਰੇ ਵਿਚਾਰ ਬਦਲ ਗਏ ਹਨ ।

II. ਸਭ ਤੋਂ ਵੱਧ ਨਵੀਨਤਾ ਇਸਤਰੀਆਂ ਰਾਹੀਂ ਆਈ ਹੈ ।

III. ਸ਼ਹਿਰੀ ਤੇ ਪੇਂਡੂ ਜੀਵਨ ਵਿਚਲਾ ਪਾੜ੍ਹਾ ਖ਼ਤਮ ਹੋਇਆ ਹੈ ।

IV. ਤੇਜ਼ ਜ਼ਮਾਨੇ ਦੀ ਚਾਲ ਨਾਲ ਭਵਿੱਖ ਦੀਆਂ ਸੰਭਾਵਨਾਵਾਂ ਜਾਗੀਆਂ ਹਨ ।

ਉਪਰੋਕਤ ਵਿਚੋਂ ਸਹੀ ਹਨ :

(1) I, III (2) II, IV (3) II, III (4) III, IV

**43.** **(A) ਕਥਨ :** ਆਧੁਨਿਕ ਪੰਜਾਬੀ ਵਾਰਤਕ ਵਿਚ ਪੰਜਾਬ ਤੇ ਪੰਜਾਬੀਅਤ ਦੇ ਹਰ ਪਹਿਲੂ ਨੂੰ ਵਿਭਿੰਨ ਦ੍ਰਿਸ਼ਟੀ ਬਿੰਦੂਆਂ ਤੋਂ ਉਘਾੜਿਆ ਅਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ ।

**(R) ਕਾਰਨ :** ਫਲ ਵਜੋਂ ਪੰਜਾਬੀ ਵਾਰਤਕ ਵਿਚ ਸਾਹਿਤਿਕਤਾ, ਸਿਰਜਨਾਤਮਕਤਾ ਅਤੇ ਕਾਵਿ ਸ਼ਾਸਤਰੀ ਗੁਣਾਂ ਦਾ ਭਰਵਾਂ ਵਿਕਾਸ ਹੋਇਆ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਸਹੀ ਅਤੇ (R) ਆਂਸ਼ਿਕ ਸਹੀ ਹੈ । (2) (A) ਅਤੇ (R) ਦੋਵੇਂ ਸਹੀ ਹਨ ।

(3) (A) ਗ਼ਲਤ ਅਤੇ (R) ਸਹੀ ਹੈ । (4) (A) ਆਂਸ਼ਿਕ ਅਤੇ (R) ਸਹੀ ਹੈ ।

**44.** ਆਧੁਨਿਕ ਪੰਜਾਬੀ ਵਾਰਤਕ ਦੇ ਇਤਿਹਾਸ-ਲੇਖਨ ਦੀਆਂ ਪ੍ਰਮਾਣਿਕ ਵਿਧੀਆਂ ਦਾ ਸਹੀ ਵਰਗ ਹੈ :

(1) ਵਿਹਾਰਕ, ਇਤਿਹਾਸਕ, ਰੂਪ, ਮਿਸ਼ਰਣ (2) ਕਾਲਕ੍ਰਮਿਕਤਾ, ਗਦ ਸ਼ੈਲੀ, ਰੂਪਾਤਮਕ

(3) ਵਿਕਾਸ-ਰੁਖ, ਰੂਪਾਕਾਰ, ਇਤਿਹਾਸਕਤਾ (4) ਵਾਰਤਕ ਸ਼ੈਲੀ, ਗਿਆਨ ਵਿਗਿਆਨ, ਕਾਲ-ਖੰਡ

**45.** ਹੇਠ ਲਿਖਿਆਂ ਵਿਚ ਕਿਹੜਾ ਵਰਗ ਸਹੀ ਹੈ :

(1) ਪ੍ਰਗਤੀਵਾਦੀ : ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ, ਬਾਵਾ ਬਲਵੰਤ

(2) ਪ੍ਰਯੋਗਵਾਦੀ : ਜਸਬੀਰ ਸਿੰਘ ਆਹਲੂਵਾਲੀਆ, ਅਜਾਇਬ ਕਮਲ, ਹਰਭਜਨ ਹਲਵਾਰਵੀ

(3) ਰੁਮਾਂਸਵਾਦੀ : ਸ਼ਿਵ ਕੁਮਾਰ, ਮੋਹਨ ਸਿੰਘ, ਭਾਈ ਵੀਰ ਸਿੰਘ

(4) ਅਧਿਆਤਮਵਾਦੀ : ਭਾਈ ਵੀਰ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਤਾਰਾ ਸਿੰਘ

46. ਸਟੇਜੀ ਕਵੀਆਂ ਦਾ ਸਹੀ ਵਰਗ ਹੈ :

(1) ਹਰਿਭਜਨ ਸਿੰਘ, ਜਗਤਾਰ, ਹਰਨਾਮ

(2) ਫ਼ੀਰੋਜ਼ਦੀਨ ਸ਼ਰਫ਼, ਨੰਦ ਲਾਲ ਨੂਰਪੁਰੀ, ਪ੍ਰੀਤਮ ਸਿੰਘ ਸਫ਼ੀਰ

(3) ਧਨੀ ਰਾਮ ਚਾਤ੍ਰਿਕ, ਬਾਵਾ ਬਲਵੰਤ, ਪੂਰਨ ਸਿੰਘ

(4) ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਿਰ, ਵਿਧਾਤਾ ਸਿੰਘ ਤੀਰ

47. **(A) ਕਥਨ :** ਪੰਜਾਬੀ ਗ਼ਜ਼ਲ ਦੇ ਵਿਕਾਸ ਵਿਚ ਅਨੇਕਾਂ, ਉਤਾਰ-ਚੜ੍ਹਾਅ ਆਏ ਹਨ, ਜੋ ਰੂਪ ਤੇ ਪਿੰਗਲ ਦੀ ਵਿਹਾਰਕਤਾ ਨਾਲ ਸੰਬੰਧਤ ਹਨ । ਇਸ ਪ੍ਰਸੰਗ ਵਿਚ ਕਈ ਵਿਰੋਧੀ ਰਾਵਾਂ ਵੀ ਇਕ ਦੂਜੇ ਨੂੰ ਕੱਟਦੀਆਂ ਰਹੀਆਂ ਹਨ । ਇਸਦੇ ਬਾਵਜੂਦ ਗ਼ਜ਼ਲ ਆਧੁਨਿਕ ਪੰਜਾਬੀ ਸਾਹਿਤ ਦਾ ਬਹੁਤ ਪ੍ਰਧਾਨ ਰੂਪਾਕਾਰ ਹੈ ।

**(R) ਕਾਰਨ :** ਤਾਂ ਹੀ, ਪੰਜਾਬੀ ਵਿਚ ਗ਼ਜ਼ਲ ਵੱਡੀ ਮਾਤਰਾ ਵਿਚ ਲਿਖੀ ਜਾਂਦੀ ਹੈ ।

ਉਪਰੋਕਤ ਦੇ ਆਧਾਰ ਤੇ ਕਿਹੜਾ ਸਹੀ ਹੈ :

(1) (A) ਸਹੀ (R) ਦੋਵੇਂ ਆਂਸ਼ਿਕ ਸਹੀ ਹੈ । (2) (A) ਅਤੇ (R) ਦੋਵੇਂ ਸਹੀ ਹਨ ।

(3) (A) ਸਹੀ ਅਤੇ (R) ਆਂਸ਼ਿਕ ਸਹੀ ਹੈ । (4) (A) ਅਤੇ (R) ਦੋਵੇਂ ਗ਼ਲਤ ਹਨ ।

48. **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| I. ਬਾਵਾ ਬਲਵੰਤ | A. ਕੋਈ ਨਾਉਂ ਨ ਜਾਣੇ ਮੇਰਾ |
| II. ਜਸਵੰਤ ਸਿੰਘ ਨੇਕੀ | B. ਸਰਘੀ ਵੇਲਾ |
| III. ਧਨੀ ਰਾਮ ਚਾਤ੍ਰਿਕ | C. ਬੰਦਰਗਾਹ |
| IV. ਅੰਮ੍ਰਿਤਾ ਪ੍ਰੀਤਮ | D. ਕੇਸਰ ਕਿਆਰੀ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | A | C | B | D |
| (2) | C | A | D | B |
| (3) | B | C | D | A |
| (4) | D | B | C | A |

49. 'ਨਾ ਧੁੱਪੇ ਨਾ ਛਾਵੇਂ' (ਹਰਿਭਜਨ ਸਿੰਘ) ਦੀ ਕਵਿਤਾ ਦੇ ਥੀਮਿਕ ਪਾਸਾਰ ਹਨ :

(1) ਪ੍ਰਗੀਤ, ਨਿਸਤੇਜ, ਵਿਤਰੇਕਤਾ

(2) ਕੂੜਾ ਹੋਂਦ, ਵਿਰੋਧ ਸਿਲਸਿਲਾ, ਨਾਟਕੀ ਮੋਨੋਲਾੱਗ

(3) ਬੌਧਿਕ ਖੋਖਲਾਪਨ, ਨਾਟਕੀਅਤਾ, ਮਹਾ ਮਾਨਵ

(4) ਲਘੂ ਮਾਨਵ, ਵਿਅੰਗ, ਬੇਹਿਸ ਹੋਂਦ

50. ਆਧੁਨਿਕ ਪੰਜਾਬੀ ਕਾਵਿ ਵਿਚ ਪ੍ਰਕ੍ਰਿਤਿਕ, ਦੈਵੀ ਅਤੇ ਕਾਵਿਕ ਸੁਹਜ ਦਾ ਪ੍ਰਮੁਖ ਕਵੀ ਹੈ :

(1) ਮੋਹਨ ਸਿੰਘ (2) ਪੂਰਨ ਸਿੰਘ

(3) ਧਨੀ ਰਾਮ ਚਾਤ੍ਰਿਕ (4) ਭਾਈ ਵੀਰ ਸਿੰਘ

**51.** ਪ੍ਰੀਤਮ ਸਿੰਘ ਸਫ਼ੀਰ-ਕਾਵਿ ਦੇ ਮੁੱਖ ਸਰੋਕਾਰ ਹਨ :

I. ਰੁਮਾਂਸ

II. ਬੌਧਿਕ ਰਹੱਸਵਾਦ

III. ਕ੍ਰਾਂਤੀਕਾਰੀ ਚੇਤਨਾ

IV. ਜੁਝਾਰ ਵਿਦਰੋਹੀ

ਉਪਰੋਕਤ ਵਿਚੋਂ ਸਹੀ ਹਨ :

(1) II, III ਅਤੇ IV (2) I, III ਅਤੇ IV

(3) I, II ਅਤੇ III (4) II, I ਅਤੇ IV

**52.** ਬਾਵਾ ਬਲਵੰਤ ਪ੍ਰਗਤੀਵਾਦੀ ਹੁੰਦਾ ਹੋਇਆ ਵੀ ਪ੍ਰਵਿਰਤੀ-ਮੁਖ ਕਵੀ ਨਹੀਂ । ਪ੍ਰਗਤੀ ਉਸਦੀ ਨਜ਼ਰ ਵਿਚ ਪ੍ਰਵਿਰਤੀ ਨਹੀਂ, ਇਹ ਉਸਦੇ ਚਰਿੱਤ੍ਰ ਦਾ ਸਹਿਜ ਅੰਗ ਹੈ :

ਉਪਰੋਕਤ ਕਥਨ ਕਿਸਦਾ ਹੈ :

(1) ਅਤਰ ਸਿੰਘ (2) ਹਰਿਭਜਨ ਸਿੰਘ

(3) ਕੇਸਰ ਸਿੰਘ ਕੇਸਰ (4) ਕਰਮ ਜੀਤ ਸਿੰਘ

**53.** ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਹੈ :

(1) ਮਸੀਹੀ ਮੁਸਾਫ਼ਿਰ ਦੀ ਯਾਤਰਾ (2) ਜਯੋਤਿਰੁਦਯ

(3) ਜੰਗ ਮੜ੍ਹੋਲੀ (4) ਸੁੰਦਰੀ

**54.** "ਨਾਨਕ ਸਿੰਘ ਭਾਈ ਵੀਰ ਸਿੰਘ ਦਾ ਪਿਛਲੱਗ ਹੈ, ਹਾਲਾਂ ਕਿ, ਉਸਨੂੰ ਧਾਰਮਿਕ ਦ੍ਰਿੜ੍ਹਤਾ ਦੀ ਮਜਬੂਰੀ ਨਹੀਂ", ਕਥਨ ਕਿਸਦਾ ਹੈ :

(1) ਹਰਿਭਜਨ ਸਿੰਘ (2) ਜੋਗਿੰਦਰ ਸਿੰਘ ਰਾਹੀ

(3) ਨਰਿਜਨ ਤਸਨੀਮ (4) ਗੁਰਚਰਨ ਸਿੰਘ

**55.** ਭੂ-ਹੇਰਵੇ ਦੀ ਪੇਸ਼ਕਾਰੀ ਕਰਨ ਵਾਲੇ ਨਾਵਲਕਾਰ ਹਨ :

(1) ਹਰਿੰਦਰ ਬਜਾਜ ਅਤੇ ਨਦੀਮ ਪਰਮਾਰ

(2) ਦਰਸ਼ਨ ਸਿੰਘ ਧੀਰ ਅਤੇ ਹਰਜੀਤ ਅਟਵਾਲ

(3) ਰਘਬੀਰ ਢੰਡ ਅਤੇ ਮੋਹਨ ਸਿੰਘ ਕੁਕੜਿਪਿੰਡੀਆ

(4) ਕੈਲਾਸ਼ਪੁਰੀ ਅਤੇ ਵੀਨਾ ਵਰਮਾ

**56.** ਅਜੋਕੇ ਪੰਜਾਬੀ ਨਾਵਲ ਦਾ ਦ੍ਰਿਸ਼ਟੀਮੂਲਕ ਲੱਛਣ ਹੈ :

(1) ਵਿਚਾਰਧਾਰਕ ਪ੍ਰਤਿਬੱਧਤਾ

(2) ਆਦਰਸ਼ਵਾਦੀ-ਵਿਅਕਤੀਵਾਦੀ

(3) ਸਮਾਜਵਾਦੀ-ਪ੍ਰਗਤੀਵਾਦੀ

(4) ਰਚਨਾਤਮਕ ਤੇ ਵਿਚਾਰਧਾਰਕ ਵੰਨ-ਸੁਵੰਨਤਾ

57. **ਸੂਚੀ-I** **ਸੂਚੀ-II**

I. ਪਰਵਾਸੀ A. ਸੁਖਵੰਤ ਕੌਰ ਮਾਨ

II. ਮਹਾਂਨਗਰੀ B. ਰਾਮ ਸਰੂਪ ਅਣਖੀ

III. ਆਂਚਲਿਕ C. ਅਜੀਤ ਕੌਰ

IV. ਔਰਤਮੁਖੀ D. ਅਮਨਪਾਲ ਸਾਰਾ

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | C | B | A | D |
| (2) | B | C | D | A |
| (3) | D | C | B | A |
| (4) | A | D | B | C |

58. ਪੰਜਾਬੀ ਕਹਾਣੀ ਦੇ ਕਾਵਿ ਸ਼ਾਸਤਰ ਦੇ ਆਧਾਰਮੂਲਕ ਲੱਛਣ ਹਨ :

(1) ਪੱਛਮੀ ਕਥਾ-ਸ਼ਾਸਤਰ, ਸਮਕਾਲੀ-ਯਥਾਰਥ ਅਤੇ ਵਰਣਨ-ਬਿਰਤਾਂਤ

(2) ਭਾਰਤੀ ਕਥਾ-ਵਿਧੀ, ਸਮਕਾਲੀ ਦ੍ਰਿਸ਼ਟੀ ਅਤੇ ਮਾਨਵਵਾਦ

(3) ਸਮਕਾਲੀ ਯਥਾਰਥ, ਦ੍ਰਿਸ਼ਟੀਮੂਲਕ ਵੰਨ-ਸੁਵੰਨਤਾ ਅਤੇ ਰੂਪਾਕਾਰਕ ਪਰਪੱਕਤਾ

(4) ਵਿਚਾਰਧਾਰਾ, ਇਤਿਹਾਸਕਤਾ ਅਤੇ ਰੂਪਾਕਾਰਕ ਪਰਪੱਕਤਾ

59. ਪੰਜਾਬੀ ਨਾਵਲ ਦੇ ਕਾਵਿ-ਸ਼ਾਸਤਰ ਦੇ ਮੁੱਖ ਆਧਾਰ ਹਨ :

(1) ਦ੍ਰਿਸ਼-ਮੁਖਤਾ, ਵਿਚਾਰਧਾਰਕ ਪ੍ਰਤਿਬੱਧਤਾ ਅਤੇ ਨਾਵਲੀ ਅਨੁਭਵ

(2) ਸਮਕਾਲੀ ਯਥਾਰਥ, ਵਿਚਾਰਧਾਰਕ ਪ੍ਰੇਰਿਕਤਾ ਅਤੇ ਬਿਰਤਾਂਤਕ ਵਿਉਂਤ

(3) ਆਧੁਨਿਕਤਾਵਾਦ, ਵਿਗੋਚਾਪਣ ਅਤੇ ਸਮੂਹਿਕ ਚੇਤਨਾ

(4) ਆਂਚਲਿਕਤਾ, ਮਹਾ ਨਗਰੀ ਚੇਤਨਾ ਅਤੇ ਪਰਵਾਸੀ ਅਨੁਭਵ

60. **(A) ਕਥਨ :** ਪੰਜਾਬੀ ਕਹਾਣੀ ਪੱਛਮੀ ਕਹਾਣੀ ਦੀ ਰੂਪਾਕਾਰਕ ਵਿਉਂਤ ਦੇ ਸਮਵਿੱਥ ਪੰਜਾਬ ਦੀ ਕਥਾ-ਪਰੰਪਰਾ ਨਾਲ ਵੀ ਨਿਰੰਤਰ ਰੂਪ ਵਿਚ ਸੰਵਾਦ ਸਿਰਜਦੀ ਦਿਖਾਈ ਦਿੰਦੀ ਹੈ

**(R) ਕਾਰਨ :** ਕਿਉਂਕਿ ਪੰਜਾਬੀ ਦੇ ਸਾਰੇ ਹੀ ਕਹਾਣੀਕਾਰ ਪੰਜਾਬ ਦੀ ਲੰਮੀ ਅਤੇ ਬਹੁਵਿਧਾਈ ਕਥਾ-ਪਰੰਪਰਾ ਨਾਲ ਬਹੁਤ ਨੇੜਲਾ ਰਿਸ਼ਤਾ ਰਖਦੇ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਸਹੀ ਅਤੇ (R) ਗ਼ਲਤ ਹੈ ।
(2) (A) ਗ਼ਲਤ ਅਤੇ (R) ਸਹੀ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਆਂਸ਼ਿਕ ਸਹੀ ਅਤੇ (R) ਗ਼ਲਤ ਹੈ ।

61. ਗੁਰਚਰਨ ਸਿੰਘ ਜਸੂਜਾ ਰਚਿਤ ਨਾਟਕਾਂ ਦਾ ਸਹੀ ਵਰਗ ਨਹੀਂ ਹੈ :

(1) ਉਮਰੋਂ ਲੰਮੀ ਦੌੜ, ਇਕ ਹੀਰੋ ਦੀ ਤਲਾਸ਼, ਕੰਧਾਂ ਰੇਤ ਦੀਆਂ

(2) ਮੱਕੜੀ ਦਾ ਜਾਲ, ਰਚਨਾ ਰਾਮ ਬਣਾਈ, ਚੜ੍ਹਿਆ ਸੋਧਨ ਧਰਤ ਲੁਕਾਈ

(3) ਅੰਧਕਾਰ, ਕੰਧਾਂ ਰੇਤ ਦੀਆਂ, ਇਕ ਹੀਰੋ ਦੀ ਤਲਾਸ਼

(4) ਕੁਲੱਛਣੇ, ਕਬਰਸਤਾਨ, ਅਪਰਾਧੀ

62. **ਸੂਚੀ-I** **ਸੂਚੀ-II**

| | |
|---|---|
| I. ਕਮਲਾ ਕੁਮਾਰੀ | A. ਦੁਖਾਂਤ |
| II. ਲੋਹਾ ਕੁੱਟ | B. ਮਿੱਥ ਰੂਪਾਂਤਰਣ |
| III. ਕਲਾਕਾਰ | C. ਇਤਿਹਾਸਕ |
| IV. ਸੁਲਤਾਨ ਰਜ਼ੀਆ | D. ਸੁਖਾਂਤ |

ਉਪਰੋਕਤ ਦਾ ਸਹੀ ਮੇਲਾਨ ਹੈ :

| | I | II | III | IV |
|---|---|---|---|---|
| (1) | C | D | A | B |
| (2) | D | A | B | C |
| (3) | B | C | D | A |
| (4) | A | B | C | D |

63. ਕਿਹੜੀ ਰਚਨਾ ਕਾਵਿ-ਨਾਟਕ ਨਹੀਂ ਹੈ :

(1) ਕਲਯੁਗ ਰਥ ਅਗਨਿ ਕਾ
(2) ਤਾਰ ਤੁਪਕਾ
(3) ਸੁੰਦਰਾਂ
(4) ਅੰਬੀਆਂ ਨੂੰ ਤਰਸੇਂਗੀ

64. **(A) ਕਥਨ** : ਪੰਜਾਬੀ ਨਾਟਕ ਨੇ ਸਮੇਂ ਸਮੇਂ ਬਾਹਰੀ ਰੂਪ ਵਿਚ ਪੱਛਮੀ ਨਾਟ ਸ਼ੈਲੀਆਂ ਤੋਂ ਮਾਡਲ ਗ੍ਰਹਿਣ ਕੀਤੇ ਹਨ ।

**(R) ਕਾਰਨ** : ਪਰ ਪੰਜਾਬ ਦੀ ਲੋਕ-ਨਾਟ ਪਰੰਪਰਾ ਨਾਲ ਵੀ ਸਹਿਜ ਸੰਵਾਦ ਕਾਇਮ ਰੱਖਿਆ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਗ਼ਲਤ ਅਤੇ (R) ਸਹੀ ਹੈ ।
(2) (A) ਅਤੇ (R) ਗ਼ਲਤ ਹਨ ।
(3) (A) ਸਹੀ ਅਤੇ (R) ਗ਼ਲਤ ਹੈ ।
(4) (A) ਅਤੇ (R) ਦੋਵੇਂ ਸਹੀ ਹਨ ।

65. 'ਪੰਜਾਬੀ ਰੰਗ ਮੰਚ' ਪੁਸਤਕ ਦਾ ਰਚੈਤਾ ਹੈ :

(1) ਆਤਮ ਜੀਤ
(2) ਬਲਵੰਤ ਗਾਰਗੀ
(3) ਨਵਨਿੰਦਰਾ ਘੁੰਮਣ
(4) ਕਮਲੇਸ਼ ਉੱਪਲ

66. ਹੇਠ ਲਿਖਿਆਂ ਵਿਚੋਂ ਕਿਹੜਾ ਇਕਾਂਗੀ ਸਗ੍ਰਹਿ ਹੈ :

I. ਛਲੇਡਾ
II. ਪ੍ਰੀਤ ਮੁਕਟ
III. ਇਕ ਸਿਫ਼ਰ ਸਿਫ਼ਰ
IV. ਅਨੀਤਾ ਦਾ ਫੈਸਲਾ

ਉਪਰੋਕਤ ਦਾ ਸਹੀ ਵਰਗ ਹੈ :

(1) I ਅਤੇ II
(2) I ਅਤੇ IV
(3) II ਅਤੇ III
(4) II ਅਤੇ IV

**67.** ਪੰਜਾਬੀ ਨਾਵਲ ਦੀ ਆਲੋਚਨਾ ਸੰਬੰਧੀ ਵਿਦਵਾਨ ਹਨ :

(1) ਸੁਹਿੰਦਰ ਸਿੰਘ ਦੁਸਾਂਝ, ਨਰਿੰਜਨ ਤਸਨੀਮ, ਸਵਿੰਦਰ ਸਿੰਘ ਉੱਪਲ

(2) ਜੋਗਿੰਦਰ ਸਿੰਘ ਰਾਹੀ, ਟੀ.ਆਰ.ਵਿਨੋਦ, ਅਤਰ ਸਿੰਘ

(3) ਦੀਵਾਨ ਸਿੰਘ, ਗੁਰਚਰਨ ਸਿੰਘ, ਟੀ.ਆਰ. ਵਿਨੋਦ

(4) ਹਰਚਰਨ ਸਿੰਘ ਸੋਬਤੀ, ਰਵਿੰਦਰ ਸਿੰਘ ਰਵੀ, ਗੁਰਚਰਨ ਸਿੰਘ ਅਰਸ਼ੀ

**68.**

| **ਸੂਚੀ-I** | **ਸੂਚੀ-II** |
|---|---|
| I. ਸਾਹਿਤ ਦੀ ਸਮਝ | A. ਰੂਪਵਾਦੀ-ਸੰਰਚਨਾਵਾਦੀ ਆਲੋਚਨਾ |
| II. ਸਾਹਿਤ ਵਿਗਿਆਨ | B. ਅਕਾਦਮਿਕ ਸਮੀਖਿਆ |
| III. ਸਾਹਿਤ ਵਿਵੇਚਨ | C. ਉਤਰ-ਆਧੁਨਿਕਤਾਵਾਦੀ ਆਲੋਚਨਾ |
| IV. ਵਿਸਮਾਦੀ ਪੂੰਜੀ | D. ਮਾਰਕਸਵਾਦੀ ਆਲੋਚਨਾ |

ਉਪਰੋਕਤ ਦਾ ਸਹੀ ਮੇਲਾਨ ਹੈ :

| | I | II | III | IV |
|---|---|---|---|---|
| (1) | D | A | B | C |
| (2) | C | B | A | D |
| (3) | D | C | B | A |
| (4) | C | A | B | D |

**69.** ਚਿਹਨ-ਵਿਗਿਆਨਕ ਪ੍ਰਣਾਲੀ ਦਾ ਪ੍ਰਭਾਵ ਕਿਹੜੇ ਪੰਜਾਬੀ ਆਲੋਚਕਾਂ ਉਪਰ ਪਿਆ :

(1) ਸੁਤਿੰਦਰ ਸਿੰਘ ਨੂਰ, ਰਵਿੰਦਰ ਸਿੰਘ ਰਵੀ, ਕੇਸਰ ਸਿੰਘ ਕੇਸਰ

(2) ਹਰਜੀਤ ਗਿੱਲ, ਸੁਰਜੀਤ ਸਿੰਘ ਲੀ, ਸੁਤਿੰਦਰ ਸਿੰਘ ਨੂਰ

(3) ਸੁਰਜੀਤ ਸਿੰਘ ਲੀ, ਟੀ.ਆਰ.ਵਿਨੋਦ, ਪ੍ਰੇਮ ਪ੍ਰਕਾਸ ਸਿੰਘ

(4) ਸੰਤ ਸਿੰਘ ਸੇਖੋਂ, ਹਰਜੀਤ ਗਿੱਲ, ਤੇਜਵੰਤ ਗਿੱਲ

**70.** ਪੰਜਾਬੀ ਭਾਸ਼ਾ ਦੀ ਖੋਜ ਨਾਲ ਸੰਬੰਧਿਤ ਵਿਦਵਾਨ ਹਨ :

(1) ਜੋਗਿੰਦਰ ਸਿੰਘ ਪੁਆਰ, ਰਵਿੰਦਰ ਸਿੰਘ ਰਵੀ, ਕਿਸ਼ਨ ਸਿੰਘ

(2) ਵੇਦ ਅਗਨੀ ਹੋਤਰੀ, ਕਾਲਾ ਸਿੰਘ ਬੇਦੀ, ਅਤਰ ਸਿੰਘ

(3) ਪ੍ਰੇਮ ਪ੍ਰਕਾਸ਼ ਸਿੰਘ, ਬਲਬੀਰ ਸਿੰਘ ਸੰਧੂ, ਹਰਜੀਤ ਗਿੱਲ

(4) ਸ.ਸ.ਜੋਸ਼ੀ, ਸੰਤ ਸਿੰਘ ਸੇਖੋਂ, ਗੁਰਬਖ਼ਸ਼ ਸਿੰਘ ਫਰੈਂਕ

**71.** 'ਹੱਥ ਲਿਖਤਾਂ' ਸੰਬੰਧੀ ਖੋਜੀ ਵਿਦਵਾਨ ਹੈ :

(1) ਡਾ. ਜਗਤਾਰ ਸਿੰਘ ਗਰੇਵਾਲ (2) ਡਾ. ਸ਼ੇਰ ਸਿੰਘ

(3) ਸ਼ਮਸ਼ੇਰ ਸਿੰਘ ਅਸ਼ੋਕ (4) ਡਾ. ਪਿਆਰ ਸਿੰਘ

**72.** ਪੰਜਾਬੀ ਨਾਟਕ ਸੰਬੰਧੀ ਖੋਜੀ ਵਿਦਵਾਨਾਂ ਦਾ ਸਹੀ ਜੁੱਟ ਹੈ :

(1) ਗੁਰਦਿਆਲ ਸਿੰਘ ਖੋਸਲਾ ਅਤੇ ਸੁਰਜੀਤ ਸਿੰਘ ਸੇਠੀ

(2) ਕਪੂਰ ਸਿੰਘ ਘੁੰਮਣ ਅਤੇ ਸੁਰਜੀਤ ਸਿੰਘ ਸੇਠੀ

(3) ਬਲਵੰਤ ਗਾਰਗੀ ਅਤੇ ਗੁਰਦਿਆਲ ਸਿੰਘ ਫੁੱਲ

(4) ਚਰਨਦਾਸ ਸਿੱਧੂ ਅਤੇ ਨਵਨਿੰਦਰ ਬਹਿਲ

ਹੇਠ ਲਿਖੇ ਪੈਰੇ ਨੂੰ ਪੜ੍ਹਕੇ **73-75** ਤਕ ਦੇ ਪ੍ਰਸ਼ਨਾਂ ਦੇ ਉੱਤਰ ਦਿਉ :

ਸਾਹਿਤਕ ਖੋਜ ਲਈ ਵਿਗਿਆਨਕ ਬਿਰਤੀ ਦੀ ਲੋੜ ਹੈ, ਪਰ ਇਹ ਵਿਗਿਆਨ ਨਹੀਂ, ਵਿਗਿਆਨ ਵਾਂਗ ਹੀ ਸਾਹਿੱਤਕ ਖੋਜ ਤੱਥ-ਆਧਾਰਿਤ ਹੈ ਅਤੇ ਇਸਦੀ ਵਿਆਖਿਆ ਵੀ ਪ੍ਰਾਪਤ ਸਾਮਗ੍ਰੀ ਅਤੇ ਗਵਾਹੀ ਦੇ ਆਧਾਰ ਤੇ ਹੋਣੀ ਚਾਹੀਦੀ ਹੈ । ਪਰ ਸਾਹਿਤਕ ਖੋਜ ਦੀ ਆਪਣੇ ਸਭਿਆਚਾਰਕ ਅਤੀਤ ਪ੍ਰਤੀ ਜ਼ਿਮੇਵਾਰੀ ਇਤਨੀ ਪੱਕੀ ਤੇ ਵੱਡੀ ਹੈ ਕਿ ਇਹ ਨਿਰੋਲ ਵਿਗਿਆਨ ਬਣਨ ਦਾ ਤਾਂ ਸੁਪਨਾ ਵੀ ਨਹੀਂ ਲੈ ਸਕਦੀ । ਸਾਹਿਤਕ ਖੋਜ ਦੇ ਤੱਥ ਸਭਿਆਚਾਰਕ ਤੇ ਮਾਨਵੀ ਹਨ । ਅਤੇ ਇਹ ਇਸ ਨੂੰ ਵਿਗਿਆਨ ਤੋਂ ਵਖਰਿਅਉਂਦੇ ਹਨ । ਇਸੇ ਲਈ ਇਨ੍ਹਾਂ ਤੱਥਾਂ ਦੇ ਸਿੱਟੇ ਵਿਗਿਆਨਸ਼ਾਲਾ ਵਿਚ ਸਿੱਧ ਨਹੀਂ ਕੀਤੇ ਜਾ ਸਕਦੇ । ਇਨ੍ਹਾਂ ਨਾਲ ਸੰਬਾਦ ਹੀ ਰਚਾਉਣਾ ਪਵੇਗਾ ਅਤੇ ਉਸ ਦੇ ਆਧਾਰ ਤੇ ਹੀ ਤੱਤ ਪ੍ਰਾਪਤ ਹੋਣਗੇ ।

**73.** ਸਾਹਿਤਕ ਖੋਜ ਲਈ ਲੋੜੀਂਦਾ ਤੱਤ ਹੈ :

(1) ਵਿਗਿਆਨ

(2) ਸਭਿਆਚਾਰਕ ਚੇਤਨਾ

(3) ਵਿਗਿਆਨਕ ਬਿਰਤੀ

(4) ਕਲਾ ਦ੍ਰਿਸ਼ਟੀ

**74.** ਸਾਹਿਤਕ ਖੋਜ ਲਈ ਆਧਾਰ ਬਣਨ ਵਾਲੇ ਤੱਥਾਂ ਦਾ ਸਹੀ ਜੁੱਟ ਹੈ :

(1) ਵਿਗਿਆਨਕ ਅਤੇ ਤਕਨੀਕੀ

(2) ਸਭਿਆਚਾਰਕ ਅਤੇ ਮਾਨਵੀ

(3) ਸਮਾਜਕ ਅਤੇ ਕਲਾਤਮਕ

(4) ਸੁਹਜਾਤਮਕ ਅਤੇ ਦ੍ਰਿਸ਼ਟੀਮੂਲਕ

**75.** ਕਿਹੜਾ ਕਥਨ ਸਹੀ ਨਹੀਂ ਹੈ :

(1) ਸਾਹਿਤਕ ਤੱਥ ਵਿਗਿਆਨਸ਼ਾਲਾ ਵਿਚ ਸਿੱਧ ਹੋ ਜਾਂਦੇ ਹਨ ।

(2) ਸਾਹਿਤਕ ਤੱਥਾਂ ਨਾਲ ਸੰਬਾਦ ਰਚਾਉਣਾ ਜ਼ਰੂਰੀ ਹੈ ।

(3) ਸਾਹਿਤਕ ਖੋਜ ਦੇ ਤੱਥਾਂ ਤੋਂ ਕਈ ਤੱਥ ਵਿਸ਼ਲੇਸ਼ਿਤ ਹੁੰਦੇ ਹਨ ।

(4) ਸਾਹਿਤਕ ਖੋਜ ਦੀ ਸਭਿਆਚਾਰਕ ਅਤੀਤ ਪ੍ਰਤੀ ਪੂਰੀ ਜ਼ਿਮੇਵਾਰੀ ਹੈ ।

**Space For Rough Work**